National Research Journal of Social Sciences
Volume-11, Issue-1, January-June 2026
PP: 379-382
ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚ ਮਾਇਆ ਦਾ ਸੰਕਲਪ

**ਰਮਨਦੀਪ ਕੌਰ**

ਖੋਜਾਰਥੀ
ਹਿਊਮੈਨੀਟੀਜ਼, ਭਾਸ਼ਾਵਾਂ ਤੇ ਸਭਿਆਚਾਰਕ ਅਧਿਐਨ ਵਿਭਾਗ,
ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ, ਕਪੂਰਥਲਾ

**ਸਾਰ ਤੱਤ:**

ਸਿੱਖ ਧਰਮ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ 'ਹਿੰਦ ਦੀ ਚਾਦਰ', 'ਹਿੰਦ ਦਾ ਪੀਰ', 'ਸ਼੍ਰੋਮਣੀ ਸ਼ਹੀਦ' ਅਤੇ 'ਮਾਨਵਤਾ ਦੇ ਰੱਖਿਅਕ' ਵਜੋਂ ਜਾਣਿਆ ਜਾਂਦਾ ਹੈ। ਗੁਰੂ ਸਾਹਿਬ ਤੇਗ਼ ਅਤੇ ਤਿਆਗ ਦੀ ਮੂਰਤ ਸਨ। ਉਨ੍ਹਾਂ ਵਲੋਂ ਧਰਮ ਦੀ ਖ਼ਾਤਰ ਦਿੱਤਾ ਬਲੀਦਾਨ ਸਮੁੱਚੀ ਮਾਨਵਤਾ ਦੇ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਨ੍ਹਾਂ ਦੀ ਇਸ ਸ਼ਹਾਦਤ ਨੇ ਮਨੁੱਖਤਾ ਨੂੰ ਆਪਣੇ ਹੱਕ-ਸੱਚ ਪ੍ਰਤੀ ਲੜਨ ਅਤੇ ਧਰਮ ਦੀ ਰੱਖਿਆ ਕਰਨ ਦਾ ਪਾਠ ਪੜ੍ਹਾਇਆ ਹੈ। ਉਨ੍ਹਾਂ ਦੁਆਰਾ ਰਚਿਤ ਬਾਣੀ ਦਾ ਵੀ ਸਮੁੱਚੇ ਸਿੱਖ ਜਗਤ ਵਿਚ ਨਿਵੇਕਲਾ ਸਥਾਨ ਹੈ। ਆਦਿ ਗ੍ਰੰਥ ਵਿਚ ਮਹਲਾ ੯ ਸਿਰਲੇਖ ਅਧੀਨ ਆਪ ਜੀ ਦੇ 59 ਸ਼ਬਦ ਅਤੇ 57 ਸ਼ਲੋਕ 'ਪੰਦਰਾਂ ਰਾਗਾਂ' ਅਧੀਨ ਸੰਗ੍ਰਹਿਤ ਹਨ। ਆਪ ਜੀ ਦੁਆਰਾ ਰਚਿਤ ਸ਼ਲੋਕਾਂ ਵਿਚ ਸੰਸਾਰਿਕ ਨਾਸ਼ਵਾਨਤਾ ਪ੍ਰਤੀ ਵਿਸ਼ੇਸ਼ਅਧਿਆਤਮਕ ਸੁਰ ਦਿਖਾਈ ਦਿੰਦੀ ਹੈ। ਆਪ ਜੀ ਦੀ ਸਮੁੱਚੀ ਰਚਨਾ ਵਿਚ ਬ੍ਰਹਮ, ਸੰਸਾਰ, ਜੀਵ, ਆਤਮਾ, ਮਨ, ਸਾਧ, ਮੁਕਤੀ, ਮਾਇਆ ਆਦਿ ਪਹਿਲੂਆਂ ਨੂੰ ਦਾਰਸ਼ਨਿਕ ਦ੍ਰਿਸ਼ਟੀ ਤਹਿਤ ਵਿਚਾਰਿਆ ਗਿਆ ਹੈ। ਹੱਥਲਾ ਪਰਚਾ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ 'ਮਾਇਆ' ਦੇ ਸੰਕਲਪ ਨਾਲ ਸਬੰਧਤ ਹੈ। ਮਨੁੱਖੀ ਦਿਮਾਗ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੀਆਂ ਮਾਰੂ ਰੁਚੀਆਂ ਮਾਇਆ ਦੇ ਸੰਕਲਪ ਨੂੰ ਪੈਦਾ ਕਰਦੀਆਂ ਹਨ। ਜਿਸ ਕਾਰਨ ਮਨੁੱਖ ਸੰਸਾਰਕ ਬੰਧਨਾਂ ਵਿਚ ਫਸ ਕੇ ਪ੍ਰਭੂ ਤੋਂ ਦੂਰੀ ਥਾਪ ਲੈਂਦਾ ਹੈ ਅਤੇ ਭੁੱਲ ਜਾਂਦਾ ਹੈ ਕਿ 'ਜਗ ਰਚਨਾ ਸਭ ਝੂਠ ਹੈ'। ਗੁਰੂ ਸਾਹਿਬ ਦੀ ਬਾਣੀ 'ਮਾਇਆ' ਨੂੰ ਦੁੱਖਾਂ ਦਾ ਜੰਗਲ ਦੱਸਦੀ ਹੋਈ ਮਨੁੱਖ ਨੂੰ ਇਸ ਤੋਂ ਦੂਰੀ ਬਣਾਉਣ ਦੀ ਤਾਕੀਦ ਕਰਦੀ ਹੈ। ਅਜੋਕੇ ਸਮੇਂ ਅੰਦਰ 'ਮਾਇਆ' ਦਾ ਇਹ ਸੰਕਲਪ ਬਹੁਤ ਹੀ ਵਿਕਰਾਲ ਰੂਪ ਧਾਰਨ ਕਰ ਚੁਕਾ ਹੈ। ਸਮੁੱਚੀ ਮਾਨਵ ਜਾਤੀ ਧਨ, ਦੌਲਤ ਅਤੇ ਪ੍ਰਸਿੱਧੀ ਦੇ ਮਾਇਆ ਜਾਲ ਵਿਚ ਗ੍ਰਸੀ ਹੋਈ ਹੈ। ਸੋ ਅਜਿਹੀ ਪ੍ਰਸਥਿਤੀ ਵਿਚ ਇਸ ਬਾਣੀ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ।

**ਮੁੱਖ ਸ਼ਬਦ** : ਮਾਇਆ, ਤੇਗ਼, ਨਾਸ਼ਵਾਨਤਾ, ਸੰਸਾਰ, ਮਾਨਵਤਾ, ਮਨ, ਸਾਧਨਾ, ਮੁਕਤੀ।

ਸਿੱਖ ਧਰਮ ਦੇ ਨੌਵੇਂ ਗੁਰੂ, ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ 'ਧਰਮ ਦੀ ਚਾਦਰ', 'ਹਿੰਦ ਦੀ ਚਾਦਰ', 'ਹਿੰਦ ਦਾ ਪੀਰ', 'ਸ਼੍ਰੋਮਣੀ ਸ਼ਹੀਦ' ਅਤੇ 'ਮਾਨਵਤਾ ਦੇ ਰੱਖਿਅਕ' ਵਜੋਂ ਜਾਣਿਆ ਜਾਂਦਾ ਹੈ। ਆਪ ਜੀ ਦਾ ਜਨਮ ਛੇਵੇਂ ਗੁਰੂ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਘਰ ਵੈਸਾਖ ਵਦੀ ਪੰਜ ਸੰਮਤ 1678 ਬਿਕ੍ਰਮੀ ਅਨੁਸਾਰ 1 ਅਪ੍ਰੈਲ 1621 ਈ. ਨੂੰ 'ਗੁਰੂ ਕੇ ਮਹਲ' ਅੰਮ੍ਰਿਤਸਰ ਸਾਹਿਬ ਵਿਚ ਹੋਇਆ। ਆਪ ਜੀ ਦੇ ਮਾਤਾ ਜੀ ਦਾ ਨਾਂ ਬੇਬੇ ਨਾਨਕੀ ਸੀ। ਆਪ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜਵੇਂ ਅਤੇ ਸਭ ਤੋਂ ਛੋਟੇ ਪੁੱਤਰ ਸਨ। ਆਪ ਜੀ ਨੂੰ ਤਿਆਗ ਅਤੇ ਕੁਰਬਾਨੀ ਦੀ ਪ੍ਰੇਰਣਾ ਵਿਰਾਸਤ ਵਿਚੋਂ ਆਪਣੇ ਦਾਦਾ ਜੀ ਗੁਰੂ ਅਰਜਨ ਦੇਵ ਜੀ ਪਾਸੋਂ ਮਿਲੀ। ਗੁਰੂ ਸਾਹਿਬ ਤੇਗ਼ ਅਤੇ ਤਿਆਗ ਦੀ ਮੂਰਤ ਸਨ। ਉਨ੍ਹਾਂ ਵਲੋਂ ਧਰਮ ਦੀ ਖ਼ਾਤਰ ਦਿੱਤਾ ਬਲੀਦਾਨ ਸਮੁੱਚੀ ਮਾਨਵਤਾ ਦੇ ਇਤਿਹਾਸ ਵਿਚ ਮਹੱਤਵਪੂਰਨ ਸਥਾਨ ਰੱਖਦਾ ਹੈ। ਉਨ੍ਹਾਂ ਦੀ ਇਸ ਸ਼ਹਾਦਤ ਨੇ ਮਨੁੱਖਤਾ ਨੂੰ ਆਪਣੇ ਹੱਕ-ਸੱਚ ਪ੍ਰਤੀ ਲੜਨ ਅਤੇ ਧਰਮ ਦੀ ਰੱਖਿਆ ਕਰਨ ਦਾ ਪਾਠ ਪੜ੍ਹਾਇਆ ਹੈ। ਉਨ੍ਹਾਂ ਦੁਆਰਾ ਰਚਿਤ ਬਾਣੀ ਦਾ ਸਮੁੱਚੇ ਸਿੱਖ ਜਗਤ ਵਿਚ ਨਿਵੇਕਲਾ ਸਥਾਨ ਹੈ। ਆਦਿ ਗ੍ਰੰਥ ਵਿਚ ਮਹਲਾ ੯ ਸਿਰਲੇਖ ਅਧੀਨ ਆਪ ਜੀ ਦੇ 59 ਸ਼ਬਦ ਅਤੇ 57 ਸ਼ਲੋਕ 'ਪੰਦਰਾਂ ਰਾਗਾਂ' ਅਧੀਨ ਸੰਗ੍ਰਹਿਤ ਹਨ। ਆਦਿ ਗ੍ਰੰਥ ਸਾਹਿਬ ਦੇ 31 ਰਾਗਾਂ ਵਿਚੋਂ ਜੈਜਾਵੰਤੀ ਇਕੋ-ਇਕ ਅਜਿਹਾ ਰਾਗ ਹੈ, ਜਿਸ ਵਿਚ ਕੇਵਲ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਹੀ ਰਚਨਾ ਕੀਤੀ ਹੈ। ਇਤਿਹਾਸਕਾਰਾਂ ਅਨੁਸਾਰ ਆਪ ਜੀ ਦੀ ਬਾਣੀ ਦਾ ਰਚਨਾ ਕਾਲ 1664 ਈ. ਤੋਂ 1675 ਈ. ਦੇ ਦਰਮਿਆਨ ਦਾ ਸਮਾਂ ਹੈ ਭਾਵ ਗੁਰਿਆਈ ਸੰਭਾਲਣ ਤੋਂ ਸ਼ਹਾਦਤ ਤੱਕ ਦਾ ਸਮਾਂ। ਆਪ ਜੀ ਦੁਆਰਾ ਰਚਿਤ ਸ਼ਲੋਕਾਂ ਵਿਚ ਸੰਸਾਰਿਕ ਨਾਸ਼ਵਾਨਤਾ ਪ੍ਰਤੀ ਵਿਸ਼ੇਸ਼ ਅਧਿਆਤਮਕ ਸੁਰ ਦਿਖਾਈ ਦਿੰਦੀ ਹੈ।

ਆਪ ਜੀ ਦੀ ਬਾਣੀ ਆਦਰਸ਼ਕ ਜੀਵਨਜਾਚ ਤੋਂ ਭਟਕੇ ਹੋਏ ਮਨੁੱਖ ਨੂੰ ਉੱਚਤਮ ਅਧਿਆਤਮਕ ਪੜਾਅ ਤੱਕ ਪਹੁੰਚਣ ਲਈ ਮਾਰਗ ਦਰਸ਼ਨ ਕਰਦੀ ਹੈ। ਆਪ ਜੀ ਦੀ ਸਮੁੱਚੀ ਰਚਨਾ ਵਿਚ ਬ੍ਰਹਮ, ਸੰਸਾਰ, ਜੀਵ, ਆਤਮਾ, ਮਨ, ਸਾਧ, ਮੁਕਤੀ, ਮਾਇਆ ਆਦਿ ਪਹਿਲੂਆਂ ਨੂੰ ਦਾਰਸ਼ਨਿਕ ਦ੍ਰਿਸ਼ਟੀ ਤਹਿਤ ਵਿਚਾਰਿਆ ਗਿਆ ਹੈ। ਹੱਥਲਾ ਪਰਚਾ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ 'ਮਾਇਆ' ਦੇ ਸੰਕਲਪ ਨਾਲ ਸਬੰਧਤ ਹੈ। ਮਨੁੱਖੀ ਦਿਮਾਗ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੀਆਂ ਮਾਰੂ ਰੁਚੀਆਂ ਮਾਇਆ ਦੇ ਸੰਕਲਪ ਨੂੰ ਪੈਦਾ ਕਰਦੀਆਂ ਹਨ। ਜਿਸ ਕਾਰਨ ਮਨੁੱਖ ਸੰਸਾਰਕ ਬੰਧਨਾਂ ਵਿਚ ਫਸ ਕੇ ਪ੍ਰਭੂ ਤੋਂ ਦੂਰੀ ਥਾਪ ਲੈਂਦਾ ਹੈ ਅਤੇ ਭੁੱਲ ਜਾਂਦਾ ਹੈ ਕਿ 'ਜਗ ਰਚਨਾ ਸਭ ਝੂਠ ਹੈ'। ਗੁਰੂ ਸਾਹਿਬ ਦੀ ਬਾਣੀ 'ਮਾਇਆ' ਨੂੰ ਦੁੱਖਾਂ ਦਾ ਜੰਗਲ ਦੱਸਦੀ ਹੋਈ ਮਨੁੱਖ ਨੂੰ ਇਸ ਤੋਂ ਦੂਰੀ ਬਣਾਉਣ ਦੀ ਤਾਕੀਦ ਕਰਦੀ ਹੈ। ਅਜੋਕੇ ਸਮੇਂ ਅੰਦਰ 'ਮਾਇਆ' ਦਾ ਇਹ ਸੰਕਲਪ ਬਹੁਤ ਹੀ ਵਿਕਰਾਲ ਰੂਪ ਧਾਰਨ ਕਰ ਚੁਕਾ ਹੈ। ਸਮੁੱਚੀ ਮਾਨਵ ਜਾਤੀ ਧਨ, ਦੌਲਤ ਅਤੇ ਪ੍ਰਸਿੱਧੀ ਦੇ ਮਾਇਆ ਜਾਲ ਵਿਚ ਗ੍ਰਸੀ ਹੋਈ ਹੈ। ਸੋ ਅਜਿਹੀ ਪ੍ਰਸਥਿਤੀ ਵਿਚ ਇਸ ਬਾਣੀ ਦੀ ਸਾਰਥਿਕਤਾ ਹੋਰ ਵੀ ਵਧ ਜਾਂਦੀ ਹੈ।


© Copyright @ Authors

National Research Journal of Social Sciences
Volume-11, Issue-1, January-June 2026
PP: 379-382
ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਾਇਆ ਦਾ ਸੰਕਲਪ ਭਾਰਤੀ ਅਧਿਆਤਮਕ ਖੇਤਰ ਵਿਸ਼ੇਸ਼ ਸਥਾਨ ਰੱਖਦਾ ਹੈ ਕਿਉਂ ਕਿ ਵੈਦਿਕ ਕਾਲ ਤੋਂ ਲੈ ਕੇ ਤੰਤਰ ਯੁੱਗ ਦੇ ਅੰਤ ਕਿਸੇ ਨਾ ਕਿਸੇ ਰੂਪ ਵਿਚ ਇਸਦੀ ਪ੍ਰਤਿਸ਼ਠਾ ਬਣੀ ਰਹੀ ਹੈ। ਮਾਇਆ ਸ਼ਬਦ ਦੀ ਵਰਤੋਂ ਦਾ ਸਭ ਤੋਂ ਪਹਿਲਾਂ ਪ੍ਰਮਾਣ ਸਾਨੂੰ ਵੈਦਿਕ ਸਾਹਿਤ ਵਿਚੋਂ ਮਿਲਦਾ ਹੈ ਅਤੇ ਬੀਜਰੂਪ ਵਿਚ ਮਾਇਆਵਾਦ ਦਾ ਵਰਣਨ ਰਿਗਵੇਦ ਵਿਚੋਂ ਪ੍ਰਾਪਤ ਹੁੰਦਾ ਹੈ। ਵੇਦਾਂ, ਉਪਨਿਸ਼ਦ ਸਾਹਿਤ, ਕੁਰਾਨ ਸਾਹਿਤ ਆਦਿ ਵਿਚ ਮਾਇਆਂ ਸਬੰਧੀ ਵਿਭਿੰਨ ਪ੍ਰਕਾਰ ਦੀਆਂ ਅਭੀਵਿਅਕਤੀਆਂ ਮਿਲਦੀਆਂ ਹਨ। ਆਦਿ ਗ੍ਰੰਥ ਵਿਚ ਮਾਇਆ ਨੂੰ ਤ੍ਰੈਗੁਣਾਤਿਮਿਕ ਮੰਨਿਆ ਗਿਆ ਹੈ ਕਿਉਂਕਿ ਮਾਇਆ ਰਾਹੀਂ ਹੀ ਤ੍ਰੈਗੁਣਾਂ ਦੀ ਉਤਪਤੀ ਹੋਈ ਹੈ ਅਤੇ ਮਾਇਆ ਬ੍ਰਹਮ ਦੇ ਅਧੀਨ ਹੈ। ਮਾਇਆ ਬ੍ਰਹਮ ਦੀ ਉਹ ਸ਼ਕਤੀ ਹੈ ਜਿਸ ਤੋਂ ਸ੍ਰਿਸ਼ਟੀ ਦੀ ਸਿਰਜਣਾ ਹੁੰਦੀ ਹੈ। ਮਾਇਆ ਨੂੰ ਸ਼ਕਤੀ, ਕੁਦਰਤ ਆਦਿ ਦਾ ਨਾਂ ਵੀ ਦਿੱਤਾ ਜਾਂਦਾ ਹੈ। 'ਗੁਰਬਾਣੀ ਵਿਚ ਮਾਇਆ ਸ਼ਬਦ ਕਈ ਅਰਥਾਂ ਵਿਚ ਆਇਆ ਹੈ। ਮਾਇਆ ਦੇ ਇਕ ਅਰਥ ਮਾਂ ਹਨ : 'ਆਪਿ ਪਿਤਾ ਆਪਿ ਮਾਇਆ' (ਮ.5)। ਦੂਜੇ ਅਰਥ ਛਲਾਵਾ, ਛਲ, ਧੋਖਾ, ਕਪਟ, ਦੰਭ, ਠੱਗੀ ਵੀ ਹਨ : 'ਇਹ ਤਨ ਮਾਇਆ ਪਾਹਿਆ ਪਿਆਰੇ, ਲੀਤੜਾ ਲਬਿ ਰੰਗਾਏ। (ਆ. ਗ੍ਰੰਥ, ਪੰਨਾ 721)' ਇਉ ਸਿੱਖ ਇਤਿਹਾਸ ਵਿਚ ਮਾਇਆ ਸ਼ਬਦ ਤੋਂ ਭਾਵ ਪਦਾਰਥਕ ਕੀਮਤਾਂ ਦੇ ਮਾਦੀ ਮੁੱਲ ਤੋਂ ਹੈ। ਇਹ ਕੀਮਤਾਂ ਹੀ ਮਨੁੱਖੀ ਮਨ ਅੰਦਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਰਗੀਆਂ ਮਾਰੂ ਰੁਚੀਆਂ ਉਤਪੰਨ ਕਰਦੀਆਂ ਹਨ। ਇਹਨਾਂ ਭੈੜੀਆਂ ਰੁਚੀਆਂ ਕਾਰਨ ਹੀ ਮਨੁੱਖ ਸੰਸਾਰਕ ਮੋਹ ਜਾਲ ਵਿਚ ਫਸ ਜਾਂਦਾ ਹੈ ਅਤੇ ਆਪਣੇ ਮਨ ਦਾ ਸੁੱਖ-ਚੈਨ ਗੁਆ ਬੈਠਦਾ ਹੈ। ਉਹ ਪ੍ਰਮਾਤਮਾ ਦੇ ਨਾਮ ਨੂੰ ਵਿਸਾਰਦਾ ਜਾ ਰਿਹਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਮਇਆ ਦੇ ਮੋਹ ਵਿਚ ਫਸ ਕੇ ਪ੍ਰਮਾਤਮਾ ਨੂੰ ਭੁੱਲਣ ਵਾਲੇ ਇਨਸਾਨ ਨੂੰ ਇਹ ਦੁਨਿਆਵੀਂ ਪ੍ਰਾਪਤੀਆਂ ਥੋੜ ਚਿਰਾ ਸਕੂਨ ਹੀ ਦਿੰਦੀਆਂ ਹਨ। ਅਰਥਾਤ ਜਿਵੇਂ-ਜਿਵੇਂ ਮਨੁੱਖ ਕੋਲ ਮਾਇਆ ਵੱਧਦੀ ਹੈ ਤਿਵੇਂ-ਤਿਵੇਂ ਉਸਦੀ ਚਿੰਤਾਂ ਵਿਚ ਵੀ ਵਾਧਾ ਹੁੰਦਾ ਹੈ ਅਤੇ ਜਿਵੇਂ-ਜਿਵੇਂ ਉਹ ਪ੍ਰਮਾਤਮਾਂ ਦੇ ਨਾਮ ਨੂੰ ਸਿਮਰਦਾ ਤਾਂ ਉਸ ਦੀ ਚਿੰਤਾਂ ਵੀ ਘੱਟ ਜਾਂਦੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਇਸ 'ਮਾਇਆ' ਰੂਪੀ ਜਾਲ ਵਿਚੋਂ ਮਨੁੱਖ ਨੂੰ ਬਾਹਰ ਨਿਕਲਣ ਦੀ ਪ੍ਰੇਰਣਾ ਦਿੰਦੀ ਹੈ :

ਮਨੁ ਮਾਇਆ ਮੈ ਫਧਿ ਰਹਿਓ ਬਿਸਰਿਓ ਗੋਬਿੰਦ ਨਾਮੁ ॥

ਕਹੁ ਨਾਨਕ ਬਿਨੁ ਹਰਿ ਭਜਨ ਜੀਵਨ ਕਉਨੇ ਕਾਮ ॥ [1]

ਮਨੁੱਖ ਸੁੱਖ-ਸੁਵਿਧਾਵਾਂ ਦੀ ਖਾਤਰ ਮਾਇਆ ਦੇ ਲਾਲਚ ਵਿਚ ਐਨਾ ਫਸ ਗਿਆ ਹੈ ਕਿ ਨਾ ਤਾਂ ਉਸ ਨੂੰ ਸਹੀ ਗਲਤ ਦੀ ਪਛਾਣ ਰਹੀ ਹੈ ਅਤੇ ਨਾ ਹੀ ਉਹ ਪ੍ਰਮਾਤਮਾ ਦਾ ਗੁਣਗਾਨ ਕਰਦਾ ਹੈ। ਉਹ ਪ੍ਰਮਾਤਮਾ ਪਾਸੋਂ ਮਿਲੀਆਂ ਦਾਤਾਂ ਦਾ ਸ਼ੁਕਰਾਨਾਂ ਕਰਨਾ ਵੀ ਭੁੱਲ ਗਿਆ ਹੈ। ਮਨੁੱਖ ਦੇ ਹਾਲਾਤ ਅਜਿਹੇ ਬਣ ਗਏ ਹਨ ਕਿ ਉਹ ਦੁਨਿਆਵੀ ਲੋਭ ਵਸ ਆਪਣਾ ਪੇਟ ਭਰਨ ਖਾਤਰ ਅਨੇਕਾ ਪ੍ਰਪੰਚ ਰਚਦਾ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਅਜਿਹਾ ਮਨੁੱਖ ਮਾਇਆ ਦਾ ਗੁਲਾਮ ਹੋ ਜਾਂਦਾ ਹੈ। ਉਹ ਜੀਵਨ ਵਿਚ ਤਾਂ ਭਟਕਦਾ ਹੀ ਹੈ ਉਸਦੇ ਨਾਲ ਹੀ ਜਨਮ ਮਰਨ ਦੇ ਦੇ ਚੱਕਰ ਭਾਵ ਜੂਨਾਂ ਦੇ ਚੱਕਰ ਵਿਚ ਵੀ ਫਸ ਜਾਂਦਾ ਹੈ। ਗੁਰੂ ਸਾਹਿਬ ਲਿਖਦੇ ਹਨ :

(ੳ) ਕਰਿ ਪਰਪੰਚ ਉਦਰ ਨਿਜ ਪੋਖਿਓ ਪਸੁ ਕੀ ਨਿਆਈ ਸੋਇਓ ॥

ਰਾਮ ਭਜਨ ਕੀ ਗਤਿ ਨਹੀ ਜਾਨੀ ਮਾਇਆ ਹਾਥਿ ਬਿਕਾਨਾ ॥ [2]

(ਅ) ਕਰਿ ਪਰਪੰਚੁ ਜਗਤ ਕਉ ਡਹਕੈ ਅਪਨੋ ਉਦਰੁ ਭਰੈ ॥ [3]

ਮਨੁੱਖ ਇਕ ਸਮਾਜਕ ਪ੍ਰਾਣੀ ਹੈ ਅਤੇ ਸਮਾਜ ਵਿਚ ਰਹਿੰਦਿਆਂ ਹੋਇਆਂ ਉਸ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਹਿੱਤ ਦੁਨਿਆਵੀ ਵਸਤਾਂ ਅਤੇ ਧਨ ਸੰਪਤੀ ਤੇ ਨਿਰਭਰ ਰਹਿਣਾ ਪੈਂਦਾ ਹੈ। ਜੇਕਰ ਮਨੁੱਖ ਸੰਸਾਰਕ ਵਸਤਾਂ ਤੋਂ ਪੂਰੀ ਤਰ੍ਹਾਂ ਦੂਰੀ ਬਣਾ ਲਵੇਗਾ ਤਾਂ ਉਸ ਦਾ ਇਸ ਸੰਸਾਰ ਵਿਚ ਰਹਿਣਾ ਮੁਸ਼ਕਿਲ ਹੋ ਜਾਵੇਗਾ। ਸੋ ਇਸ ਲਈ ਗੁਰੂ ਸਾਹਿਬ ਮਨੁੱਖ ਨੂੰ ਪਦਾਰਥਕ ਮਾਇਆ ਨਾਲ ਸਬੰਧ ਜੋੜ ਕੇ ਵੀ ਉਸ ਤੋਂ ਸੁਤੰਤਰ ਰਹਿਣ ਦੀ ਅਪੀਲ ਕਰਦੇ ਹਨ। ਉਹ ਮਨੁੱਖ ਨੂੰ ਧਨ ਸੰਪਤੀ ਨੂੰ ਸਥੂਲ ਰੂਪ ਵਿਚ ਤਿਆਗਣ ਲਈ ਨਹੀਂ ਕਹਿੰਦੇ ਬਲਕਿ ਮਾਇਆ ਪ੍ਰਤੀ ਮੋਹ ਅਤੇ ਕਬਜ਼ੇ ਵਾਲੀ ਮਨਾਸਿਕ ਬਿਰਤੀ ਨੂੰ ਤਿਆਗਣ ਲਈ ਕਹਿੰਦੇ ਹਨ। ਮਿਸਾਲ ਵਜੋਂ ਉਨ੍ਹਾਂ ਦੁਆਰਾ ਲਿਖਤ ਨਿਮਨ ਪੰਕਤੀ ਨੂੰ ਵਿਚਾਰਿਆ ਜਾ ਸਕਦਾ ਹੈ :

(ੳ) ਸੰਪਤਿ ਰਥ ਧਨ ਰਾਜ ਸਿਉ ਅਤਿ ਨੇਹੁ ਲਗਾਇਓ ॥ [5]

(ਅ) ਧਨੁ ਧਰਨੀ ਅਰੁ ਸੰਪਤਿ ਸਗਰੀ ਜੋ ਮਾਨਿਓ ਅਪਨਾਈ ॥ [6]

ਗੁਰੂ ਤੇਗ਼ ਬਹਾਦਰ ਜੀ ਮਾਇਆ ਨੂੰ ਦੁੱਖਾਂ ਦਾ ਮਹਾਨ ਜੰਗਲ ਦੱਸਦੇ ਹੋਏ ਮਾਇਆ-ਕੇਂਦ੍ਰਿਤ ਮਨੋਬਿਰਤੀ ਦੇ ਮਨੁੱਖੀ ਚੇਤਨਾ ਅਤੇ ਆਚਰਨ 'ਤੇ ਪੈਣ ਵਾਲੇ ਪ੍ਰਭਾਵਾਂ ਦੀ ਗੁਰਬਾਣੀ ਵਿਚ ਗਹਿਨ ਚਰਚਾ ਕਰਦੇ ਹਨ। ਉਨ੍ਹਾਂ ਨੇ ਮਾਇਆ ਨੂੰ ਇੱਕ ਮਾਨਸਿਕ-ਸਮਾਜਿਕ ਸੰਕਟ ਅਰਥਾਤ ਮਹਾ ਸੰਕਟ ਵਜੋਂ ਦਰਸਾਇਆ ਹੈ, ਜੋ ਵਿਅਕਤੀ ਦੇ ਸੂਝ-ਬੂਝ ਵਾਲੇ ਤੰਤਰ ਨੂੰ ਨਸ਼ਟ ਕਰ ਦਿੰਦਾ ਹੈ। ਜਦੋਂ ਮਨੁੱਖ ਦੀ ਰੁਚੀ ਮਾਇਆਵੀ ਚੀਜ਼ਾਂ ਵੱਲ ਵੱਧਣ ਲੱਗ ਪੈਂਦੀ ਹੈ ਤਾਂ ਉਹ ਉਸ ਨੂੰ ਅਸਲ ਰੂਹਾਨੀ ਮੰਜ਼ਲਿ ਤੋਂ ਦੂਰ ਕਰ ਦਿੰਦੀ ਹੈ। ਇਸ ਪ੍ਰਸਥਿਤੀ ਨਾਲ ਨਜਿੱਠਣ ਲਈ ਗੁਰੂ ਸਾਹਿਬ ਮਨੁੱਖ ਨੂੰ ਸਿੱਖਿਆ ਦਿੰਦੇ ਹੋਏ ਕਹਿੰਦੇ ਹਨ ਕਿ ਜੇ ਮਨੁੱਖ ਇਸ ਮਾਇਆ ਦੇ ਜੰਜਾਲ ਤੋਂ ਮੁਕਤੀ ਚਾਹੁੰਦਾ ਹੈ ਤਾਂ ਉਸ ਨੂੰ ਪ੍ਰਮਾਤਮਾ ਦੀ ਸੱਚੀ ਭਗਤੀ ਕਰਨੀ ਚਾਹੀਦੀ ਹੈ। ਨਾਮ-ਸਿਮਰਨ ਤੇ ਬੰਦਗੀ ਹੀ ਮਨੁੱਖੀ ਮਨ ਨੂੰ ਮਾਇਆ ਦੇ ਭਰਮ ਜਾਲ ਤੋਂ ਬਾਹਰ ਕੱਢ ਕੇ ਅਸਲੀ ਸੁੱਖ ਅਤੇ ਆਤਮਿਕ ਸ਼ਾਂਤੀ ਦੇ ਰਾਹ ਤੇ ਲਿਜਾਂਦੀ ਹੈ :


© Copyright @ Authors

 ISSN: 2348-473X
Peer Reviewed & Refereed Journal (IF: 6.74)
Journal Website: www.nrjss.in

(ੳ) ਮਾਇਆ ਮੋਹ ਮਹਾ ਸੰਕਟ ਬਨ ਤਾ ਸਿਉ ਰੁਚ ਉਪਜਾਵੈ ॥ [7]

(ਅ) ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ ॥ [8]

'ਮਨ ਮਨੁੱਖ ਦੇ ਸਰੀਰ ਵਿਚ ਸਥਿਰ ਇਕ ਅਦ੍ਰਿਸ਼ ਸ਼ਕਤੀ ਹੈ ਜਿਸ ਰਾਹੀਂ ਉਸ ਨੂੰ ਦੁੱਖ-ਸੁੱਖ ਸੰਕਲਪ-ਵਿਕਲਪ, ਰੁਚੀ-ਅਰੁਚੀ, ਮਿਤਰਤਾ-ਦਵੈਸ਼, ਸਦਭਾਵਨਾ-ਦੁਰਭਾਵਨਾ ਆਦਿ ਦਾ ਅਨੁਭਵ ਹੁੰਦਾ ਹੈ। ਭਾਰਤੀ ਧਰਮ ਅਤੇ ਦਰਸ਼ਨ ਗ੍ਰੰਥ ਵਿਚ ਮਨ ਬਾਰੇ ਵਿਸਥਾਰ ਸਹਿਤ ਚਰਚਾ ਹੋਈ ਹੈ। ਮਨ ਦੇ ਵਿਕਾਰ ਨੂੰ ਮਾਨਸ ਰੋਗ ਕਿਹਾ ਜਾਂਦਾ ਹੈ। ਮਨੋਵਿਕਾਰਾਂ ਦੀ ਗਿਣਤੀ ਅਨੰਤ ਹੈ, ਪਰ ਇਨ੍ਹਾਂ ਵਿਚੋਂ ਪੰਜ ਤਾਂ ਬਹੁਤ ਅਸਾਧ ਹਨ ਜਿਵੇਂ ਕਾਮ, ਕ੍ਰੋਧ, ਕੋਭ, ਮੋਹ, ਹੰਕਾਰ।'[9] ਗੁਰੂ ਸਾਹਿਬ ਅਨੁਸਾਰ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵੀ ਮਾਇਆ ਦਾ ਹੀ ਰੂਪ ਹਨ। ਮਨੁੱਖੀ ਮਨ ਕਾਮ ਦੇ ਵਾਸ ਕਾਰਨ ਪਕੜ ਵਿਚ ਨਹੀਂ ਆਉਂਦਾ ਤੇ ਭਟਕਦਾ ਰਹਿੰਦਾ ਹੈ ਅਰਥਾਤ ਮਨ ਅਸਥਿਰ ਤੇ ਬੇਚੈਨ ਹੋ ਜਾਂਦਾ ਹੈ। ਮਨੁੱਖੀ ਸੋਚ ਨਕਾਰਾਤਮਕ ਹੋ ਜਾਂਦੀ ਹੈ, ਮਨ ਅੰਦਰ ਪਰੇਸ਼ਾਨੀਆਂ, ਭੈਅ ਅਤੇ ਭੈੜੀਆਂ ਇੱਛਾਵਾਂ ਜਨਮ ਲੈਦੀਆਂ ਹਨ। ਇਹ ਵਿਕਾਰ ਮਨੁੱਖੀ ਸਰੀਰ ਨੂੰ ਵੀ ਪ੍ਰਭਾਵਿਤ ਕਰਦੇ ਹਨ। ਜਿਵੇਂ ਕਿ ਕਾਮ ਮਨ ਦੀ ਤਾਕਤ ਨੂੰ ਕਮਜ਼ੋਰ ਕਰਦਾ ਹੈ, ਕ੍ਰੋਧ ਬਿਮਾਰੀਆਂ ਨੂੰ ਪੈਦਾ ਕਰਦਾ ਹੈ, ਲੋਭ ਤੇ ਮੋਹ ਤਣਾਅ ਨੂੰ ਵਧਾਉਂਦੇ ਹਨ ਅਤੇ ਹੰਕਾਰ ਅਨੇਕ ਪ੍ਰਕਾਰ ਦਾ ਹੈ ਜਿਵੇਂ ਧਨ, ਦੌਲਤ, ਸਰੀਰ, ਔਲਾਦ ਆਦਿ। ਇਹਨਾਂ ਵਿਕਾਰਾਂ ਕਾਰਨ ਮਨੁੱਖ ਪ੍ਰਮਾਤਮਾ ਅਤੇ ਨਾਮ ਸਿਮਰਨ ਤੋਂ ਦੂਰ ਹੋ ਜਾਂਦਾ ਹੈ ਅਤੇ ਮਾਇਆ ਦੀ ਗ੍ਰਿਫ਼ਤ ਵਿਚ ਫਸ ਜਾਂਦਾ ਹੈ। ਇਹਨਾਂ ਵਿਕਾਰਾਂ ਕਾਰਨ ਮਨੁੱਖ ਦੇ ਜੀਵਨ ਵਿਚ ਅਸ਼ਾਂਤੀ ਫੈਲ ਜਾਂਦੀ ਅਤੇ ਰਿਸ਼ਤੇ-ਨਾਤੇ ਵੀ ਉਲਝ ਜਾਂਦੇ ਹਨ। ਹੌਲੀ-ਹੌਲੀ ਇਹ ਵਿਕਾਰ ਮਨੁੱਖ ਨੂੰ ਅੰਦਰੋਂ ਖੋਖਲਾ ਕਰ ਦਿੰਦੇ ਹਨ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਇਹਨਾਂ ਵਿਕਾਰਾਂ ਨੂੰ ਸਮੁੱਚੇ ਮਨੁੱਖੀ ਜੀਵਨ ਦੇ ਵਿਕਾਸ ਵਿਚਲੀ ਸਭ ਤੋਂ ਵੱਡੀ ਰੁਕਾਵਟ ਮੰਨਦੀ ਹੈ :

(ੳ) ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥ [10]

(ਅ) ਤਿਹ ਜੋਗੀ ਕਉ ਜੁਗਤਿ ਨ ਜਾਨਉ ॥

ਲੋਭ ਮੋਹ ਮਾਇਆ ਮਮਤਾ ਫੁਨਿ ਜਿਹ ਘਟਿ ਮਾਹਿ ਪਛਾਨਉ ॥ [11]

(ੲ) ਜਤਨ ਬਹੁਤੁ ਮੈ ਕਰਿ ਰਹਿਓ ਮਿਟਿਓ ਨ ਮਨ ਕੋ ਮਾਨੁ ॥

ਦੁਰਮਤਿ ਸਿਉ ਨਾਨਕ ਫਧਿਓ ਰਾਖਿ ਲੇਹੁ ਭਗਵਾਨ ॥ [12]

ਇਨ੍ਹਾਂ ਪੰਕਤੀਆਂ ਵਿੱਚ ਵਿਕਾਰਾਂ ਨਾਲ ਗ੍ਰਸਤ ਮਨੁੱਖੀ ਮਾਨਸਿਕ ਅਵਸਥਾ ਦਾ ਵਰਣਨ ਕੀਤਾ ਗਿਆ ਹੈ। 'ਜਤਨ ਬਹੁਤੁ ਮੈ ਕਰਿ ਰਹਿਓ' ਪੰਕਤੀ ਮਨੁੱਖ ਦੀ ਉਸ ਕੋਸ਼ਿਸ਼ ਦਾ ਪ੍ਰਤੀਕ ਹੈ ਜਿਸ ਰਾਹੀਂ ਉਹ ਆਪਣੀ ਮਨੋ-ਬਿਰਤੀ ਨੂੰ ਇਕਾਗਰ ਕਰਕੇ ਆਪਣੇ ਅੰਦਰ ਫੈਲੇ ਅੰਧਕਾਰ ਰੂਪੀ ਹੰਕਾਰ ਨੂੰ ਖਤਮ ਕਰਨ ਦੀ ਇੱਛਾ ਰੱਖਦਾ ਹੈ ਪਰ 'ਮਿਟਿਓ ਨ ਮਨ ਕੋ ਮਾਨੁ' ਪੰਕਤੀ ਇਹ ਬਿਆਨ ਕਰਦੀ ਹੈ ਕਿ ਮਨੁੱਖ ਦੁਆਰਾ ਕੀਤੀਆਂ ਗਈਆਂ ਅਨੇਕ ਕੋਸ਼ਿਸ਼ਾਂ ਦੇ ਬਾਵਜੂਦ ਵੀ ਉਸਦੇ ਮਨ ਅੰਦਰਲਾ ਹੰਕਾਰ ਮਿਟਦਾ ਨਹੀਂ, ਉਹ ਸੰਸਾਰ ਦੇ ਮੋਹ ਜਾਲ ਵਿਚੋਂ ਹੋਰ ਧੱਸਦਾ ਜਾਂਦਾ ਹੈ। ਕੇਵਲ ਪ੍ਰਮਾਤਮਾ ਹੀ ਮਨੁੱਖ ਨੂੰ ਇਹਨਾਂ ਵਿਕਾਰਾਂ ਤੋਂ ਮੁਕਤੀ ਦਵਾ ਸਕਦਾ ਹੈ।

ਵਿਕਾਰਾਂ ਦੀ ਹੋਂਦ ਮਨੁੱਖ ਨੂੰ ਅਗਿਆਨਤਾ ਵਲ ਲੈ ਜਾਂਦੀ ਹੈ ਜਿੱਥੇ ਮਨੁੱਖ ਨੂੰ ਸਹੀ ਗਲਤ ਦੀ ਪਛਾਣ ਭੁੱਲ ਜਾਂਦੀ ਹੈ ਅਤੇ ਉਹ ਮਾਇਆ ਦੇ ਬੰਧਨ ਵਿਚ ਫਸ ਕੇ ਹੰਕਾਰ ਵਸ ਪ੍ਰਮਾਤਮਾ ਦੇ ਨਾਮ ਨੂੰ ਵਿਸਾਰ ਦਿੰਦਾ ਹੈ। ਜਿਵੇਂ ਕਿ ਉਪਰੋਕਤ ਪੰਕਤੀਆਂ ਵਿਚ ਦਰਸਾਇਆ ਗਿਆ ਹੈ ਕਿ ਮਨੁੱਖ ਪ੍ਰੰਭੂ ਸਿਮਰਨ ਵਿਚ ਚਿੱਤ ਲਗਾਉਣ ਦੀ ਕੋਸ਼ਿਸ਼ ਕਰਦਾ ਹੈ ਪ੍ਰੰਤੂ ਉਸ ਅੰਦਰ ਮੌਜੂਦ ਵਿਕਾਰ ਉਸਦੇ ਸਿਮਰਨ ਵਿਚ ਰੁਕਾਵਟ ਪਾਉਂਦੇ ਹਨ। ਇਸ ਸੰਦਰਭ ਵਿਚ ਗੁਰੂ ਸਾਹਿਬ ਲਿਖਦੇ ਹਨ ਕਿ ਮਨੁੱਖੀ ਹਿਰਦੇ ਅੰਦਰ ਹੰਕਾਰ ਰੂਪੀ ਮਾਇਆ ਅਤੇ ਪ੍ਰਮਾਤਮਾ ਦਾ ਨਾਮ ਇਕੱਠੇ ਨਹੀਂ ਰਹਿ ਸਕਦੇ :

ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ [13]

ਸ਼ੰਕਰ ਅਨੁਸਾਰ 'ਮਾਇਆ ਇਕ ਸਿਰਜਣਾਤਮਕ ਸ਼ਕਤੀ ਹੈ ਜਿਸ ਰਾਹੀਂ ਜਗਤ ਦੀ ਉਤਪੱਤੀ ਹੁੰਦੀ ਹੈ।'[14] ਪ੍ਰੰਤੂ ਸੰਸਾਰ ਅੰਦਰ ਵਿਦਮਾਨ ਮਾਇਆ ਦਾ ਇਹ ਰੂਪ ਸੱਤ ਅਤੇ ਸਦੀਵੀ ਨਹੀਂ ਹੈ ਬਲਕਿ ਨਾਸ਼ਵਾਨ ਅਤੇ ਥੋੜ ਚਿਰਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਨੇ ਮਨੁੱਖੀ ਸਰੀਰ ਦੀ ਤੁੱਛਤਾ ਅਤੇ ਸੰਸਾਰਕ ਨਾਸ਼ਵਾਨਤਾ ਨੂੰ ਦਰਸਾਉਣ ਲਈ ਮਾਇਆ ਦੇ ਵਿਸ਼ੇ ਨੂੰ ਆਧਾਰ ਬਣਾਇਆ ਹੈ। ਗੁਰੂ ਸਾਹਿਬ ਅਨੁਸਾਰ ਜਿਵੇਂ ਰੇਤ ਨਾਲ ਉਸਰੀ ਹੋਈ ਕੰਧ ਦੀ ਹੋਂਦ ਥੋੜ੍ਹ-ਚਿਰੀ ਹੁੰਦੀ ਹੈ ਉਸੇ ਪ੍ਰਕਾਰ ਹੀ ਮਾਇਆ ਦੁਆਰਾ ਪ੍ਰਾਪਤ ਸੁੱਖ-ਸਹੂਲਤਾਂ ਦਾ ਸਮਾਂ ਵੀ ਥੋੜ੍ਹ-ਚਿਰਾ ਹੀ ਹੈ। ਮਨੁੱਖ ਮਾਇਆ ਵਸ ਭਟਕ ਜਾਂਦਾ ਹੈ ਜਦ ਕਿ ਗੁਰ ਸਾਹਿਬ ਇਸ ਮਾਇਆ ਨੂੰ ਅਸਥਿਰ, ਅਸੱਤ ਅਤੇ ਮਿਥਿਆ ਹੋਇਆ ਮੰਨਦੇ ਹਨ। ਸਮੁੱਚੀ ਬਾਣੀ ਇਸ ਸੰਸਾਰ ਨੂੰ ਨਾਸ਼ਵਾਨ ਦੱਸਦੀ ਹੈ ਅਤੇ ਮੋਹ ਮਾਇਆ ਦਾ ਤਿਆਗ ਕਰਕੇ ਪ੍ਰਮਾਤਮਾ ਦੇ ਦੱਸੇ ਨਾਮ ਸਿਮਰਨ ਦੇ ਮਾਰਗ 'ਤੇ ਚੱਲਣ ਦੀ ਤਾਕੀਦ ਕਰਦੀ ਹੈ :

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨਿ ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ ॥ [15]

ਪ੍ਰਸਤੁਤ ਪੰਕਤੀਆਂ ਵਿੱਚ ਗੁਰੂ ਸਾਹਿਬ ਮਨੁੱਖੀ ਸਮਾਜਕ ਵਰਤਾਰੇ ਦੇ ਉਸ ਮੂਲ ਭਰਮ ਨੂੰ ਪ੍ਰਤੀਬਿੰਬਤ ਕਰਦੇ ਹਨ ਜਿਸ ਵਿੱਚ ਮਨੁੱਖ ਧਨ, ਸੰਪੱਤੀ, ਪਰਿਵਾਰ ਅਤੇ ਹੋਰ ਭੌਤਿਕ ਪਦਾਰਥਾਂ ਨੂੰ ਆਪਣਾ ਸਹਾਰਾ ਮੰਨ ਲੈਂਦਾ ਹੈ। 'ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਮਾਨਿ' ਪੰਕਤੀ ਮਨੁੱਖੀ ਮਨ ਵਿਚਲੇ ਅਹੰਕਾਰ ਅਤੇ ਮਨੁੱਖ ਦੀ ਨਾਸ਼ਵਾਨ ਵਸਤੂਆਂ ਉੱਪਰ ਮਾਲਕੀ ਦੀ ਭਾਵਨਾ ਦੀ ਪ੍ਰਤਿਨਿਧਤਾ ਕਰਦੀ ਹੈ। ਮਨੁੱਖੀ ਮਨ ਅੰਦਰ ਉਤਪੰਨ ਹੋਈ ਇਹ ਭਾਵਨਾ ਮਨੁੱਖ ਨੂੰ ਸਮਾਜਕ ਅਤੇ ਮਾਨਸਿਕ ਤੌਰ 'ਤੇ ਪ੍ਰਭਾਵਿਤ ਕਰਕੇ ਮਾਇਆ ਦੇ ਚੱਕਰ ਵਿੱਚ ਫਸਾਉਂਦੀ ਹੈ। ਗੁਰੂ ਸਾਹਿਬ ਦੇ ਅਨੁਸਾਰ ਮਾਲਕੀ ਦੀ ਇਹ ਭਾਵਨਾ ਮੂਲ ਤੌਰ 'ਤੇ ਭਰਮਾਤਮਕ ਹੈ, ਕਿਉਂਕਿ ਸਰੀਰਕ ਅਤੇ ਭੌਤਿਕ ਵਸਤੂਆਂ ਦੀ ਅਸਲ ਹਕੀਕਤ ਅਸਥਿਰਤਾ ਹੈ। ਬਾਣੀ ਦੀ ਦੂਜੀ ਪੰਕਤੀ 'ਇਨ ਮੈ ਕਛੁ ਸੰਗੀ ਨਹੀ' ਇਸ ਭੌਤਿਕ ਸਾਧਨਾਂ ਦੀ ਅਸਥਿਰਤਾ ਦੇ ਨਿਸ਼ਚਿਤ ਸਿੱਧਾਂਤ ਨੂੰ ਦਰਸਾਉਂਦੀ ਹੈ ਕਿ ਧਨ-ਦੌਲਤ ਤੇ ਸਮਾਜਕ ਸਬੰਧ ਜੀਵਨ ਦੇ ਅੰਤਮ ਪੜਾਅ 'ਤੇ ਸਾਥ ਨਹੀਂ ਨਿਭਾ ਸਕਦੇ। 'ਨਾਨਕ ਸਾਚੀ ਜਾਨਿ' ਪੰਕਤੀ ਇਹ ਦੱਸਦੀ ਹੈ ਕਿ ਆਤਮਿਕ ਅੰਤਦ੍ਰਿਸ਼ਟੀ ਗੁਰੂ ਦੇ ਹੁਕਮ ਵਿਚ ਚਲ ਕੇ ਪ੍ਰਾਪਤ ਹੁੰਦੀ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਸਮੁੱਚੀ ਰਚਨਾ ਮਾਇਆ-ਕੇਂਦ੍ਰਿਤ ਜੀਵਨ-ਦ੍ਰਿਸ਼ਟੀ ਦਾ ਖੰਡਨ ਕਰਦੀ ਹੈ ਅਤੇ ਪ੍ਰਮਾਤਮਾ ਦੇ ਨਾਮ ਸਿਮਰਨ ਨਾਲ ਜੁੜ ਕੇ ਮਨੁੱਖਾ ਜੀਵਨ ਸਫ਼ਲ ਕਰਨ ਦੀ ਪ੍ਰੇਰਨਾ ਦਿੰਦੀ ਹੈ।

ਉਪਰੋਕਤ ਵਿਚਾਰ ਚਰਚਾ ਉਪਰੰਤ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ਼ ਬਹਾਦਰ ਸਾਹਿਬ ਜੀ ਮਨੁੱਖ ਨੂੰ ਕਿਤੇ ਵੀ ਇਸ ਸੰਸਾਰ ਦਾ ਤਿਆਗ ਕਰਨ ਲਈ ਨਹੀਂ ਕਹਿੰਦੇ ਬਲਕਿ ਉਹਨਾਂ ਨੇ ਬਿਹਤਰ ਸਮਾਜ ਦੀ ਸਿਰਜਣਾ ਅਤੇ ਮਨੁੱਖੀ ਧਰਮ ਦੀ ਰੱਖਿਆ ਖਾਤਰ ਆਪਣੇ ਸੀਸ ਦਾ ਬਲੀਦਾਨ ਦਿੱਤਾ ਸੀ। ਉਹਨਾਂ ਦੁਆਰਾ ਰਚਿਤ ਬਾਣੀ ਵਿਚਲਾ ਵੈਰਾਗ ਮਨੁੱਖ ਨੂੰ ਸਮਾਜ ਵਿਚ ਉਸਾਰੂ ਭੂਮਿਕਾ ਨਿਭਾਉਣ ਲਈ ਤਿਆਰ ਕਰਦਾ ਹੈ। ਬਾਣੀ ਵਿਚਲਾ ਇਹ ਵੈਰਾਗ ਜਿੱਥੇ ਮਨੁੱਖ ਨੂੰ ਨੇਕ ਇਨਸਾਨ ਬਣਨ ਲਈ ਪ੍ਰੇਰਿਤ ਕਰਦਾ ਹੈ ਉੱਥੇ ਹੀ ਮਨੁੱਖ ਵਿਚਲੀ ਹਉਮੈਂ ਨੂੰ ਖਤਮ ਕਰਕੇ ਉਸ ਨੂੰ ਪ੍ਰਮਾਤਮਾ ਦੇ ਲੜ ਲੱਗਣ ਅਤੇ ਨਾਮ ਸਿਮਰਨ ਕਰਨ ਲਈ ਪ੍ਰੇਰਿਤ ਵੀ ਕਰਦਾ ਹੈ। ਗੁਰੂ ਸਾਹਿਬ ਜੀ ਬਾਣੀ ਵਿਚ ਵੈਰਾਗ ਦੇ ਨਾਲ-ਨਾਲ ਤਿਆਗ ਦੀ ਸੁਰ ਵੀ ਵਿਦਮਾਨ ਹੈ। ਇਹ ਸੁਰ ਮਨੁੱਖ ਨੂੰ ਮੋਹ ਮਾਇਆ ਦੇ ਜਾਲ ਵਿਚੋਂ ਬਾਹਰ ਕੱਢ ਕੇ ਇਕ ਸਹਿਜ ਇਨਸਾਨ ਬਣਨ ਲਈ ਪ੍ਰੇਰਿਤ ਕਰਦੀ ਹੈ। ਗੁਰੂ ਸਾਹਿਬ ਨੇ ਬਾਣੀ ਵਿਚ ਜਿਸ ਸਹਿਜਤਾ ਦੀ ਤਸਵੀਰ ਪੇਸ਼ ਕੀਤੀ ਹੈ ਉਸ ਦੀ ਅਜੋਕੇ ਸਮਾਜ ਅੰਦਰ ਪ੍ਰਸੰਗਿਕਤਾ ਹੋਰ ਵੀ ਵੱਧ ਜਾਂਦੀ ਹੈ ਕਿਉਂਕਿ ਅਜੋਕਾ ਮਨੁੱਖ ਅਤਿ-ਸੋਸ਼ਲ ਅਤੇ ਅਮੀਰ ਹੋਣ ਦੇ ਲਾਲਚ ਵੱਸ ਦਿਨ-ਰਾਤ ਚੂਹਾ ਦੌੜ ਵਿਚ ਲੱਗਾ ਪਿਆ ਹੈ। ਉਸ ਵਿਚ ਸਬਰ, ਸੰਤੋਖ ਅਤੇ ਸੰਤੁਸ਼ਟੀ ਨਾਮ ਦੀ ਕੋਈ ਚੀਜ਼ ਨਹੀਂ ਰਹਿ ਗਈ। ਇਸ ਪ੍ਰਸੰਗ ਅਧੀਨ ਗੁਰੂ ਸਾਹਿਬ ਦੁਆਰਾ ਰਚਿਤ ਬਾਣੀ ਵਿਚ ਜਿੱਥੇ ਥਾਂ-ਥਾਂ ਤੇ ਮਨੁੱਖ ਨੂੰ ਮਾਇਆਵੀ ਪਦਾਰਥਾਂ ਤੋਂ ਦੂਰੀ ਬਣਾਉਣ ਦੀ ਚੇਤਾਵਨੀ ਦਿੱਤੀ ਗਈ ਹੈ ਉੱਥੇ ਹੀ ਗੁਰੂ ਸਾਹਿਬ ਦੁਆਰਾ ਅਜਿਹੇ ਮਨੁੱਖੀ ਮਾਡਲ ਦੀ ਪੇਸ਼ਕਾਰੀ ਵੀ ਕੀਤੀ ਗਈ ਹੈ ਜੋ ਨਾ ਦੁੱਖ ਵਿਚ ਦੁਖੀ ਹੁੰਦਾ ਹੈ ਅਤੇ ਨਾ ਹੀ ਖੁਸ਼ੀ ਵਿਚ ਜ਼ਿਆਦਾ ਉੱਛਲਦਾ ਹੈ ਅਰਥਾਤ ਸਹਿਜ ਮਈ ਜੀਵਨ ਬਤੀਤ ਕਰਦਾ ਹੈ, ਮੋਹ ਮਾਇਆ ਦੇ ਚੱਕਰ ਤੋਂ ਉੱਪਰ ਉੱਠ ਜਾਂਦਾ ਹੈ। ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੀ ਬਾਣੀ ਵਿਚ ਮਾਇਆ ਸਬੰਧੀ ਮਿਲਦੇ ਵਰਨਣ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਮਾਇਆ ਪਰਿਵਰਤਨਸ਼ੀਲ ਹੈ। ਇਹ ਸੱਤਿ ਵੀ ਹੈ ਅਤੇ ਅਸੱਤਿ ਵੀ। ਸੋ ਮਾਇਆ ਦਾ ਤਿਆਗ ਕਰਕੇ ਹੀ ਸੱਚੇ ਗਿਆਨ ਦੀ ਪ੍ਰਾਪਤੀ ਹੋ ਸਕਦੀ ਹੈ।

**ਹਵਾਲੇ**

1. https://punjabipedia.org/topic.aspx?txt=%E0%A8%AE%E0%A8%BE%E0%A8%87%E0%A8%86
2. ਸਲੋਕ ਮਹਲਾ ਨੌਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1428
3. ਸਲੋਕ ਮਹਲਾ ਨੌਵਾਂ, ਉਹੀ, ਪੰਨਾ 633'
4. ਦੇਵਗੰਧਾਰੀ ਮਹਲਾ ਨੌਵਾਂ, ਉਹੀ, ਪੰਨਾ 536
5. ਤਿਲੰਗ ਮਹਲਾ ਨੌਵਾਂ, ਉਹੀ, ਪੰਨਾ 727
6. ਸਾਰੰਗ ਮਹਲਾ ਨੌਵਾਂ, ਉਹੀ, ਪੰਨਾ 1231
7. ਗਉੜੀ ਮਹਲਾ ਨੌਵਾਂ, ਉਹੀ, ਪੰਨਾ 220
8. ਸਲੋਕ ਮਹਲਾ ਨੌਵਾਂ, ਉਹੀ,1429
9. ਮਨਦੀਪ ਸਿੰਘ, ਡਾ., ਖੋਜ ਪੰਧ, ਅੰਕ-7, ਪੰਨਾ 80
10. ਗਉੜੀ ਮਹਲਾ ਨੌਵਾਂ, ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 220
11. ਧਨਾਸਰੀ ਮਹਲਾ ਨੌਵਾਂ, ਉਹੀ,ਪੰਨਾ 685
12. ਸਲੋਕ ਮਹਲਾ ਨੌਵਾਂ, ਉਹੀ, ਪੰਨਾ 1428
13. ਗਉੜੀ ਮਹਲਾ ਨੌਵਾਂ, ਉਹੀ,ਪੰਨਾ 219
14. https://punjabipedia.org/topic.aspx?txt=%E0%A8%AE%E0%A8%BE%E0%A8%87%E0%A8%86
15. ਸਲੋਕ ਮਹਲਾ ਨੌਵਾਂ, ਉਹੀ, ਪੰਨਾ 1426


© Copyright @ Authors